

ਵਾਈਸ ਚਾਂਸਲਰ ਡਾ. ਬਲਦੇਵ ਸਿੰਘ ਢਿੱਲੋਂ ਅਤੇ ਨਿਰਦੇਸ਼ਕ ਪਸਾਰ ਸਿੱਖਿਆ ਡਾ. ਰਾਜਿੰਦਰ ਸਿੰਘ ਸਿੱਧੂ ਕੋਲੋਂ ਸ. ਹਰਬੰਸ ਸਿੰਘ 'ਸ. ਉਜਾਗਰ ਸਿੰਘ ਧਾਲੀਵਾਲ ਪੁਰਸਕਾਰ' ਹਾਸਲ ਕਰਦੇ ਹੋਏ। ਪੀ ਏ ਯੂ ਦੇ ਪ੍ਰਬੰਧਕੀ ਬੋਰਡ ਦੇ ਸਾਬਕਾ ਮੈਂਬਰ ਸਰਦਾਰਨੀ ਕਰਮਜੀਤ ਕੌਰ ਦਾਨੇਵਾਲੀਆ ਨਾਲ ਖੜ੍ਹੇ ਹਨ।

## ਮਿਹਨਤਕਸ਼ ਕਿਸਾਨ
# ਸ. ਹਰਬੰਸ ਸਿੰਘ

ਖੇਤੀ ਵਿੱਚ ਸਫ਼ਲਤਾ ਹਾਸਲ ਕਰਨ ਲਈ ਬਹੁਤੇ ਰਕਬਿਆਂ ਦੀ ਜ਼ਰੂਰਤ ਨਹੀਂ ਹੁੰਦੀ, ਗੱਲ ਹੈ ਉਪਲੱਬਧ ਜ਼ਮੀਨ ਉਤੇ ਸੂਝ ਅਤੇ ਸਿਆਣਪ ਨਾਲ ਵਿਗਿਆਨਕ ਲੀਹਾਂ ਤੇ ਚੱਲ ਕੇ ਖੇਤੀ ਕਰਨ ਦੀ। ਪਰਿਵਾਰ ਦੇ ਅਗਰ ਸਾਰੇ ਮੈਂਬਰ ਰਲ ਕੇ ਆਪਣੀ ਹੱਥੀਂ ਕੰਮ ਕਰਨ ਤਾਂ ਇਸ ਤੋਂ ਵਧੀਆ ਕੋਈ ਗੱਲ ਨਹੀਂ-ਇਹ ਕਥਨ ਹੈ ਸ. ਹਰਬੰਸ ਸਿੰਘ ਦਾ ਜੋ ਕਿ ਪਿੰਡ ਤਰਪਾਈ, ਜ਼ਿਲ੍ਹਾ ਅੰਮ੍ਰਿਤਸਰ ਦੇ ਰਹਿਣ ਵਾਲੇ ਤਜਰਬੇਕਾਰ ਕਿਸਾਨ ਹਨ । 69 ਸਾਲਾਂ ਇਸ ਕਿਸਾਨ ਨੇ ਖੇਤੀ 10+1 ਦੀ ਪੜ੍ਹਾਈ ਕਰਨ ਉਪਰੰਤ ਸੰਨ 1965 ਵਿੱਚ ਸ਼ੁਰੂ ਕੀਤੀ। ਉਸ ਸਮੇਂ ਦੌਰਾਨ ਹੀ ਟਰੈਕਟਰ ਖਰੀਦਿਆ ਅਤੇ ਰਵਾਇਤੀ ਕਣਕ-ਝੋਨੇ ਦੇ ਫ਼ਸਲੀ ਚੱਕਰ ਨੂੰ ਹੀ ਅਪਣਾਇਆ। 25 ਸਾਲ ਕਣਕ-ਝੋਨੇ ਦੀ ਖੇਤੀ ਕਰਨ ਉਪਰੰਤ ਸਬਜ਼ੀਆਂ ਦੀ ਕਾਸ਼ਤ ਸ਼ੁਰੂ ਕਰਨ ਦਾ ਦ੍ਰਿੜ ਸੰਕਲਪ ਲਿਆ। ਸ਼ੁਰੂਆਤ ਵਿੱਚ ਸੰਨ 1990 ਵਿੱਚ ਟਮਾਟਰ ਦੀ ਕਾਸ਼ਤ ਦੋ ਕਿੱਲਿਆ ਤੋਂ ਆਰੰਭੀ ਅਤੇ ਹੌਲੀ-ਹੌਲੀ ਉਹ ਟਮਾਟਰ ਦੇ ਹੇਠ ਰਕਬਾ ਵਧਾਉਂਦੇ ਗਏ। ਹੁਣ ਉਹ ਦਸ ਏਕੜ ਵਿੱਚ ਟਮਾਟਰ ਦੀ ਕਾਸ਼ਤ ਬੈੱਡਾਂ ਤੇ ਕਰ ਰਹੇ ਹਨ। ਪਹਿਲਾਂ ਉਹ 36 ਇੰਚ ਚੌੜਾਈ ਦੇ ਬੈੱਡ ਬਣਾ ਕੇ ਟਮਾਟਰ ਦੀ ਕਾਸ਼ਤ ਕਰਦੇ ਸੀ, ਜਿਸ ਦੇ ਨਾਲ ਵਧੇ ਹੋਏ ਟਮਾਟਰਾਂ ਦੇ ਬੂਟੇ ਖਾਲ ਵਾਲੇ ਪਾਸੇ ਡਿੱਗਣ ਕਾਰਨ ਜ਼ਿਆਦਾ ਪਾਣੀ ਦੇ ਸੰਪਰਕ ਵਿੱਚ ਆਉਣ ਕਾਰਨ ਝਾੜ ਤੇ ਫ਼ਰਕ ਪੈਂਦਾ ਸੀ। ਫਿਰ ਉਨ੍ਹਾਂ ਨੇ ਬੈੱਡਾਂ ਦੀ ਚੌੜਾਈ 42 ਇੰਚ ਕਰਕੇ ਟਮਾਟਰ ਉਗਾਉਣੇ ਸ਼ੁਰੂ ਕੀਤੇ, ਜਿਸ ਨਾਲ ਟਮਾਟਰਾਂ ਦੇ ਝਾੜ ਵਿੱਚ ਵਾਧਾ ਹੋਣ ਲੱਗਾ। ਉਹ ਦੱਸਦੇ ਹਨ ਕਿ ਕਣਕ-ਝੋਨੇ ਦੀ ਕਾਸ਼ਤ ਤੋਂ ਹੱਟ ਕੇ ਸਬਜ਼ੀਆਂ ਉਗਾਉਣ ਲਈ ਸਭ ਤੋਂ ਪਹਿਲਾਂ ਅੰਮ੍ਰਿਤਸਰ ਜ਼ਿਲ੍ਹੇ ਦੇ ਨਿੱਜਰ ਫਾਰਮ ਵਾਲਿਆਂ ਨੇ ਪ੍ਰੋਤਸ਼ਾਹਿਤ ਕੀਤਾ ਅਤੇ ਉਸ ਦੇ ਉਪਰੰਤ ਹੀ ਉਨ੍ਹਾਂ ਨੇ ਖੇਤੀ ਕਰਨ ਲਈ ਲੋੜੀਂਦੀ ਮਸ਼ੀਨਰੀ ਖਰੀਦੀ । ਸਭ ਤੋਂ ਪਹਿਲਾਂ ਉਨ੍ਹਾਂ ਨੇ ਟਮਾਟਰ ਦੀ ਉਪਜ ਨੂੰ ਜੰਡਿਆਲਾ ਗੁਰੂ ਵਿੱਚ ਸਥਿਤ ਨਿੱਜਰ ਐਗਰੋ ਫੂਡਜ਼ ਫੈਕਟਰੀ ਵਾਲਿਆਂ ਨੂੰ ਵੇਚਣੀ ਸ਼ੁਰੂ ਕੀਤੀ ਅਤੇ ਹੁਣ ਉਹ ਟਮਾਟਰ ਦੀ ਉਪਜ ਨੂੰ ਚੰਗੇ ਭਾਅ ਤੇ ਅਬੋਹਰ, ਹੁਸ਼ਿਆਰਪੁਰ, ਖਡੂਰ ਸਾਹਿਬ ਵੀ ਜਾ ਕੇ ਵੇਚਦੇ ਹਨ।

ਉਹ ਆਪਣੀ 10 ਏਕੜ ਜੱਦੀ ਅਤੇ 10 ਏਕੜ ਠੇਕੇ ਤੇ ਜ਼ਮੀਨ ਲੈਕੇ ਸਫ਼ਲਤਾ ਪੂਰਵਕ ਖੇਤੀ ਕਰਦੇ ਹਨ। ਹਾੜ੍ਹੀ ਦੌਰਾਨ ਮਟਰ (7-8 ਏਕੜ), ਫੁੱਲ ਗੋਭੀ (1-2 ਏਕੜ), ਟਮਾਟਰ (8-10 ਏਕੜ), ਕਣਕ (3 ਏਕੜ) ਅਤੇ ਸਬਜ਼ੀਆਂ ਦੀ ਪਨੀਰੀ (ਅੱਧਾ ਏਕੜ) ਉਗਾਉਂਦੇ ਹਨ। ਸਾਉਣੀ ਵਿੱਚ ਭਿੰਡੀ (3 ਏਕੜ), ਮਿਰਚਾਂ (4 ਏਕੜ), ਬੈਂਗਣ (2 ਏਕੜ) ਬਾਸਮਤੀ (5 ਏਕੜ) ਅਤੇ ਪਸ਼ੂਆਂ ਲਈ ਚਾਰਾ (1 ਏਕੜ) ਉਗਾਉਂਦੇ ਹਨ। ਉਹ ਹਰੇਕ ਸਬਜ਼ੀ ਹੇਠ ਰਕਬਾ ਥੋੜ੍ਹਾ ਬਹੁਤ ਘਟਾਉਂਦੇ ਵਧਾਉਂਦੇ ਰਹਿੰਦੇ ਹਨ। ਉਨ੍ਹਾਂ ਨੇ ਕਣਕ-ਝੋਨੇ ਹੇਠ ਰਕਬਾ ਬਹੁਤ ਘੱਟ ਰੱਖਿਆ ਹੋਇਆ ਹੈ। ਉਹ ਸਬਜ਼ੀਆਂ ਦੀ ਕਾਸ਼ਤ ਨੂੰ ਤਰਜੀਹ ਦਿੰਦੇ ਹਨ। ਸੰਨ 2014-15 ਵਿੱਚ ਉਨ੍ਹਾਂ ਨੇ ਸਬਜ਼ੀਆਂ ਦੀ ਪਨੀਰੀ ਅੱਧੇ ਏਕੜ ਵਿੱਚ ਲਗਾਈ। ਟਮਾਟਰ, ਮਿਰਚ ਅਤੇ ਬੈਂਗਣ ਦੀ ਪਨੀਰੀ ਵੇਚੀ ਅਤੇ ਚੰਗਾ ਮੁਨਾਫ਼ਾ ਖੱਟਿਆ। ਇਸ ਦੇ ਲਈ ਉਨ੍ਹਾਂ ਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਦੇ ਅਨੁਸਾਰ ਸਬਜ਼ੀਆਂ ਦੇ ਬੀਜ ਲਾਈਨਾਂ ਵਿੱਚ ਲਗਾਏ। ਨਰਸਰੀ ਦੇ ਬੈੱਡ ਉਨ੍ਹਾਂ ਨੇ ਜ਼ਮੀਨ ਪੱਧਰ ਤੋਂ 15-20 ਸ.ਮ. ਉੱਚਵੇਂ ਰੱਖੇ ਅਤੇ ਵਧੀਆ ਸਬਜ਼ੀਆਂ ਦੀ ਪਨੀਰੀ ਪੈਦਾ ਕਰਕੇ ਚੰਗੀ ਵਿਕਰੀ ਕੀਤੀ। ਨਰਸਰੀ ਦੀ ਪੈਦਾਵਾਰ ਤੋਂ ਸੰਤੁਸ਼ਟ ਹੋ ਕੇ ਕ੍ਰਿਸ਼ੀ ਵਿਗਿਆਨ ਕੇਂਦਰ, ਅੰਮ੍ਰਿਤਸਰ ਦੇ ਮਾਹਿਰਾਂ ਦੇ ਸਲਾਹ ਮਸ਼ਵਰੇ ਮੁਤਾਬਿਕ ਪਿਆਜ਼ ਦੀ ਪਨੀਰੀ ਤਿੰਨ ਕਨਾਲਾਂ ਵਿੱਚ ਬੈੱਡਾਂ ਤੇ ਲਗਾਈ ਉਨ੍ਹਾਂ ਦੇ ਪਿਆਜ਼ ਦੀ ਪਨੀਰੀ ਦੀ ਪੈਦਾਵਾਰ ਵਧੀਆ ਹੋਈ, ਜੋ ਕਿ 60-80 ਰੁ: ਪ੍ਰਤੀ ਕਿਲੋ ਦੇ ਹਿਸਾਬ ਨਾਲ ਵਿਕੀ। ਫਿਰ ਸਬਜ਼ੀਆਂ ਦੀ ਪਨੀਰੀ ਤੋਂ ਇਲਾਵਾ ਝੋਨੇ ਦੀ ਪਨੀਰੀ ਇੱਕ ਏਕੜ ਵਿੱਚ ਲਗਾਈ। ਬਾਸਮਤੀ ਪੀ-ਆਰ 1121 ਅਤੇ 124 ਦੀ ਪਨੀਰੀ ਉਗਾਈ ਜੋ ਕਿ 500 ਰੁ: ਪ੍ਰਤੀ ਮਰਲਾ ਵਿਕੀ। ਜਦੋਂ ਕਿ ਪੀ-ਆਰ 106 ਦੀ ਪਨੀਰੀ 1000 ਰੁ: ਪ੍ਰਤੀ ਮਰਲਾ ਵਿਕੀ। ਉਨ੍ਹਾਂ ਦੇ ਕਥਨ ਅਨੁਸਾਰ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਸਬਜ਼ੀਆਂ ਦੀ ਕਾਸ਼ਤ ਅਪਨਾਉਣ ਕਾਰਨ ਹੀ ਸੰਭਵ ਹੋਇਆ ਅਤੇ ਉਹ ਲਗਭਗ 25 ਲੱਖ ਪ੍ਰਤੀ ਸਾਲ ਖੇਤੀ ਵਿਭਿੰਨਤਾ ਅਪਨਾਉਣ ਕਾਰਨ ਹੀ ਕਮਾ ਰਹੇ ਹਨ। ਟਮਾਟਰ ਤੋਂ ਇਲਾਵਾ ਉਹ ਬਾਕੀ ਸਬਜ਼ੀਆਂ ਦੀ ਉਪਜ ਨੂੰ ਜ਼ਿਲ੍ਹਾ ਪੱਧਰ ਦੀ ਮੰਡੀ ਵਿੱਚ ਵੇਚਦੇ ਹਨ। ਉਨ੍ਹਾਂ ਨੇ ਆਪਣੇ ਫਾਰਮ ਤੇ ਨੈਸ਼ਨਲ ਹਾਰਟੀਕਲਚਰ ਮਿਸ਼ਨ ਹੇਠ ਪੈਕ ਹਾਊਸ 23 ਫੁੱਟ ਚੌੜਾ ਅਤੇ 46 ਫੁੱਟ ਲੰਮਾ ਤਿਆਰ ਕੀਤਾ ਹੋਇਆ ਹੈ। ਜਿਸ ਵਿਚ ਉਹ ਆਪਣੀ ਸਬਜ਼ੀ ਦੀ ਉਪਜ ਨੂੰ ਚੰਗੀ ਤਰ੍ਹਾਂ ਛਾਂਟ ਕੇ ਗਰੇਡਿੰਗ ਕਰਨ ਤੋਂ ਬਾਅਦ ਪੈਕਿੰਗ ਕਰਕੇ ਮੰਡੀ ਵਿੱਚ ਵੇਚਦੇ ਹਨ। ਜਿਸ ਕਾਰਨ ਉਨ੍ਹਾਂ ਨੂੰ ਆਪਣੀ ਉਪਜ ਦਾ ਵਧੀਆ ਭਾਅ ਮਿਲਦਾ ਹੈ। ਉਹ ਆਪਣੀ ਫ਼ਸਲ ਦੀ ਦੇਖ-ਰੇਖ ਆਪਣੇ ਬੱਚਿਆਂ ਵਾਂਗ ਕਰਦੇ

ਹਨ। ਉਹ ਲੋੜ ਮੁਤਾਬਿਕ ਗੋਡੀ ਅਤੇ ਸਪਰੇਅ ਕਰਦੇ ਹਨ। ਉਹ ਤਿੰਨ-ਚਾਰ ਸਾਲਾਂ ਬਾਅਦ ਆਪਣੇ ਖੇਤਾਂ ਨੂੰ ਲੇਜ਼ਰ ਕਰਾਹੇ ਨਾਲ ਪੱਧਰਾ ਕਰਦੇ ਹਨ ਤਾਂ ਜੋ ਫ਼ਸਲਾਂ ਨੂੰ ਉਚਿਤ ਮਾਤਰਾ ਵਿੱਚ ਪਾਣੀ ਦਿੱਤਾ ਜਾ ਸਕੇ। ਉਹ ਬੇਲੋੜੇ ਪਾਣੀ ਦੀ ਵਰਤੋਂ ਨੂੰ ਘਟਾਉਂਦੇ ਹਨ। ਉਨ੍ਹਾਂ ਨੇ ਢਾਈ ਏਕੜ ਵਿੱਚ ਫੁਹਾਰਾ ਸਿੰਜਾਈ ਦਾ ਪ੍ਰਬੰਧ ਕੀਤਾ ਹੋਇਆ ਹੈ। ਖੇਤਾਂ ਵਿੱਚ ਉਹ ਗਲੀ-ਸੜੀ ਰੂੜੀ ਪਾਉਂਦੇ ਹਨ ਅਤੇ ਹਰੀ ਖਾਦ ਲਈ ਉਹ ਆਪਣੇ ਖੇਤਾਂ ਵਿੱਚ ਢੈਂਚਾ ਲਾ ਕੇ ਵਾਹੁੰਦੇ ਹਨ। ਉਨ੍ਹਾਂ ਦੀ ਆਪਣੀ ਡੇਅਰੀ ਵਿੱਚ 5 ਗਾਵਾਂ ਹਨ, ਜਿਨ੍ਹਾਂ ਤੋਂ 14,000 ਲਿਟਰ ਪ੍ਰਤੀ ਸਾਲ ਦੁੱਧ ਦੀ ਪੈਦਾਵਾਰ ਹੁੰਦੀ ਹੈ। ਦੁੱਧ ਨੂੰ ਵੇਚ ਕੇ ਉਹ ਵਧੀਆ ਕਮਾਈ ਕਰ ਰਹੇ ਹਨ ।

ਖੇਤਾਂ ਵਿੱਚ ਸਬਜ਼ੀਆਂ ਦੇ ਉਤਪਾਦਨ ਨੂੰ ਦੇਖਦੇ ਹੋਏ ਉਨ੍ਹਾਂ ਦੇ ਪਿੰਡ ਅਤੇ ਲਾਗਲੇ ਪਿੰਡਾਂ ਦੇ ਕਿਸਾਨਾਂ ਨੇ ਸਬਜ਼ੀਆਂ ਦੀ ਕਾਸ਼ਤ ਦਾ ਕੰਮ ਮੁੱਖ ਧੰਦੇ ਵਜੋਂ ਸ਼ੁਰੂ ਕੀਤਾ ਹੈ। ਜ਼ਿਆਦਾਤਰ ਕਿਸਾਨ ਭਰਾ ਟਮਾਟਰ ਅਤੇ ਮਿਰਚ ਦੀ ਕਾਸ਼ਤ ਕਰ ਰਹੇ ਹਨ ਅਤੇ ਵਧੀਆ ਮੁਨਾਫ਼ਾ ਖੱਟ ਰਹੇ ਹਨ । ਸੰਨ 1990 ਵਿੱਚ ਉਨ੍ਹਾਂ ਨੇ ਨਾਰਵੇ ਵਿੱਚ ਸਥਿਤ ਪੌਲੀ ਹਾਊਸਾਂ ਵਿੱਚ ਸਬਜ਼ੀਆਂ ਦੀ ਸਫ਼ਲ ਕਾਸ਼ਤ ਨੂੰ ਦੇਖਿਆ ਅਤੇ ਆਪਣੇ ਸ਼ਹਿਰ ਦੇ ਜਲਵਾਯੂ ਮੁਤਾਬਿਕ ਗ੍ਰਹਿਣ ਕੀਤੀ ਤਕਨੀਕੀ ਜਾਣਕਾਰੀ ਨੂੰ ਅਪਣਾਇਆ। ਇਸ ਤੋਂ ਇਲਾਵਾ ਉਨ੍ਹਾਂ ਨੇ ਆਪਣੇ ਗਿਆਨ ਵਿੱਚ ਵਾਧਾ ਕਰਨ ਲਈ ਕਰਤਾਰਪੁਰ ਵਿੱਚ ਸਬਜ਼ੀਆਂ ਦੇ ਕੇਂਦਰ ਦਾ ਦੌਰਾ ਵੀ ਕੀਤਾ। ਉਹ ਚੰਗੀ ਖੇਤੀ ਦੇ ਪਾਠਕ ਵੀ ਹਨ।

ਸ. ਹਰਬੰਸ ਸਿੰਘ 69 ਸਾਲ ਦੀ ਉਮਰ ਵਿੱਚ ਵੀ ਪੂਰੇ ਉਤਸ਼ਾਹ ਨਾਲ ਖੇਤੀ ਦਾ ਕਾਰਜ ਕਰ ਰਹੇ ਹਨ। ਉਹ ਆਪਣੀ ਸਫ਼ਲਤਾ ਲਈ ਆਪਣੇ ਪਰਿਵਾਰ ਦੇ ਮੈਂਬਰਾਂ ਦੇ ਆਪਸੀ ਸਹਿਯੋਗ ਨੂੰ ਮੰਨਦੇ ਹਨ ਅਤੇ ਇਸ ਤੋਂ ਇਲਾਵਾ ਉਹ ਕ੍ਰਿਸ਼ੀ ਵਿਗਿਆਨ ਕੇਂਦਰ ਅਤੇ ਹਾਰਟੀਕਲਚਰ ਵਿਭਾਗ ਅੰਮ੍ਰਿਤਸਰ ਦੇ ਮਾਹਿਰਾਂ ਵੱਲੋਂ ਖੇਤੀ ਸਬੰਧੀ ਦਿੱਤੇ ਜਾਂਦੇ ਵਿਗਿਆਨਕ ਸਲਾਹ ਮਸ਼ਵਰੇ ਨੂੰ ਮੰਨਦੇ ਹਨ, ਜਿਸ ਕਾਰਨ ਉਹ ਆਪਣੀਆਂ ਫ਼ਸਲਾਂ ਦਾ ਵਧੀਆ ਝਾੜ ਲੈਣ ਦੇ ਸਮਰੱਥ ਹੋਏ। ਸ. ਹਰਬੰਸ ਸਿੰਘ ਨੂੰ ਸੰਨ 2015 ਵਿੱਚ ਸਬਜ਼ੀਆਂ ਦਾ ਖੁਦ ਉਤਪਾਦਨ ਕਰਨ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਸ. ਉਜਾਗਰ ਸਿੰਘ ਧਾਲੀਵਾਲ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ । ਉਹ ਹਰੇਕ ਕਿਸਾਨ ਨੂੰ ਇਹ ਸੁਨੇਹਾ ਦਿੰਦੇ ਹਨ ਕਿ ਖੇਤੀ ਦੇ ਕਾਰਜ ਨੂੰ ਪੂਰੀ ਦਿਮਾਗੀ ਚੇਤੰਨਤਾ ਨਾਲ ਬਜ਼ਾਰ ਵਿੱਚ ਮੰਗ ਨੂੰ ਦੇਖਦੇ ਹੋਏ ਕਰਨਾ ਚਾਹੀਦਾ ਹੈ ਤੇ ਅੱਜਕੱਲ੍ਹ ਦੇ ਦੌਰ ਵਿੱਚ ਖੇਤੀ ਵਿਭਿੰਨਤਾ ਅਪਨਾਉਣਾ ਮੁੱਖ ਲੋੜ ਹੈ।